# ਵਣਜਾਰਾ

ਕਿਰਿਆ - ਇਸ ਕਵਿਤਾ ਨੂੰ ਸੁੰਦਰ ਲਿਖਾਈ ਵਿੱਚ ਲਿਖੋ ਅਤੇ ਯਾਦ ਵੀ ਕਰੋ।

ਬਸਤੀ-ਬਸਤੀ, ਜੰਗਲ਼-ਜੰਗਲ਼; ਗਾਉਂਦਾ ਹੈ ਵਣਜਾਰਾ,
ਹਿੰਦੂ, ਮੁਸਲਿਮ, ਸਿੱਖ, ਈਸਾਈ; ਸਾਂਝਾ ਭਾਈਚਾਰਾ।
ਘਿਰਣਾ ਸਾਨੂੰ ਵੰਡ ਦੇਂਦੀ ਹੈ, ਇਸ ਨੂੰ ਦੂਰ ਭਜਾਓ,
ਹਿੰਦੂ, ਮੁਸਲਿਮ, ਸਿੱਖ, ਈਸਾਈ; ਸਾਰੇ ਇੱਕ ਹੋ ਜਾਓ।
ਮੰਦਰ, ਮਸਜਦ, ਗਿਰਜੇ ਉੱਪਰ; ਲਿਖ ਦਿਓ ਰੱਬ ਦਾ ਦੁਆਰਾ,
ਬਸਤੀ - ਬਸਤੀ .....

ਨਫ਼ਰਤ ਸਾਨੂੰ ਦੁੱਖ ਦਿੰਦੀ ਹੈ, ਰੱਜ ਕੇ ਸੌਣ ਨਾ ਦੇਂਦੀ,
ਖੁੱਲ੍ਹ ਕੇ ਸਾਨੂੰ ਹੱਸਣ ਨਾ ਦਿੰਦੀ, ਜੀਅ-ਭਰ ਰੋਣ ਨਾ ਦੇਂਦੀ।
ਨਗਰ-ਨਗਰ ਵਿੱਚ, ਗਲ਼ੀ-ਗਲ਼ੀ ਵਿੱਚ; ਗੂੰਜ ਰਿਹਾ ਇਕਤਾਰਾ,
ਬਸਤੀ-ਬਸਤੀ .....

ਨਾ ਕੋਈ ਉੱਚ ਨਾ ਨੀਚ ਪਛਾਣੇ, ਸਭ ਨੂੰ ਆਪਣਾ ਜਾਣੇ,
ਆਪਸ ਵਿੱਚ ਨੇ ਮੂਰਖ ਲੜਦੇ, ਲੜਦੇ ਨਹੀਂ ਸਿਆਣੇ।
ਏਕੇ ਵਿੱਚ ਹੈ ਸ਼ਕਤੀ ਹੁੰਦੀ, ਏਕਾ ਸਾਨੂੰ ਪਿਆਰਾ,
ਬਸਤੀ-ਬਸਤੀ .....

ਸੱਜੇ-ਖੱਬੇ ਦੀ ਗੱਲ ਛੱਡੋ; ਸਿੱਧੇ ਰਸਤੇ ਚੱਲੋ,
ਸਾਂਝਾ ਰਸਤਾ, ਸਾਂਝੀ ਮੰਜ਼ਲ; ਉਸ ਨੂੰ ਜਾ ਕੇ ਮੱਲੋ।
ਭਾਰਤ ਦੀ ਜੈ ਸਾਰੇ ਬੋਲੋ, ਭਾਰਤ ਸਾਨੂੰ ਪਿਆਰਾ,
ਬਸਤੀ-ਬਸਤੀ, ਜੰਗਲ-ਜੰਗਲ; ਗਾਉਂਦਾ ਹੈ ਵਣਜਾਰਾ।





Scanned by CamScanner